3.12.95

# ਕਲਾ ਦੇ ਝਰੋਖੇ ਤੋਂ

## ਗੁਰਸ਼ਰਨ ਸਿੰਘ

**ਚੇਤਨਾ ਦੇ ਵਿਕਾਸ ਵਿਚ ਨਾਟਕ ਦੀ ਭੂਮਿਕਾ :** ਕਲਾ ਦੇ ਖੇਤਰ ਵਿਚ ਨਾਟਕ ਇਕ ਐਸੀ ਵਿਧਾ ਹੈ, ਜਿਸ ਰਾਹੀਂ ਲੋਕਾਂ ਦੀ ਜ਼ਿੰਦਗੀ ਨਾਲ ਜੁੜਦੇ ਹੋਏ ਮਸਲਿਆਂ ਨੂੰ ਸਿੱਧੇ ਤੌਰ 'ਤੇ ਇਕ ਕਹਾਣੀ ਦੇ ਰੂਪ ਵਿਚ ਪੇਸ਼ ਕੀਤਾ ਜਾ ਸਕਦਾ ਹੈ। ਸਮੁੱਚੀ ਚੇਤਨਾ ਦੇ ਵਿਕਾਸ ਲਈ ਕੀਤੇ ਜਾ ਰਹੇ ਯਤਨਾਂ ਵਿਚ ਨਾਟਕ ਦੀ ਇਕ ਵਿਸ਼ੇਸ਼ ਥਾਂ ਹੈ। ਜ਼ਿਲਾ ਫਰੀਦਕੋਟ ਵਿਚ ਇਹ ਯਤਨ ਇਕ ਮਿਸਾਲ ਹਨ। ਪੰਜਾਬ ਦੀ ਸਭਿਆਚਾਰਕ ਚੇਤਨਾ ਦੇ ਵਿਕਾਸ ਵਿਚ ਜ਼ਿਲਾ ਸਾਖਰਤਾ ਸੰਮਤੀ ਫਰੀਦਕੋਟ ਦੀ ਇਕ ਉਘੜਵੀਂ ਕੋਸ਼ਿਸ਼ ਹੈ। ਕਿਸੇ ਵੀ ਵਿਕਾਸ ਲਈ ਦੋ ਗੱਲਾਂ ਲੋੜੀਂਦੀਆਂ ਹਨ। ਪਹਿਲੀ ਤਾਂ ਇਹ ਹੈ ਕਿ ਉਹਦੇ ਲਈ ਇਕ ਵਿਸ਼ੇਸ਼ ਰਕਮ ਰਾਖਵੀਂ ਰੱਖੀ ਜਾਏ ਤੇ ਦੂਜੀ ਵਿਕਾਸ ਲਈ ਹੋ ਰਹੇ ਕੰਮ ਦੀ ਨਿਗਰਾਨੀ ਅਤੇ ਪਹਿਰੇਦਾਰੀ ਕੀਤੀ ਜਾਏ। ਜ਼ਿਲਾ ਸਾਖਰਤਾ ਸੰਮਤੀ ਫਰੀਦਕੋਟ ਵਲੋਂ ਕ੍ਰਿਸ਼ਨ ਸਿੰਗਲਾ ਦੀ ਸੰਪਾਦਨਾ ਥੱਲੇ ਇਕ ਦੋ ਹਫਤੀ ਅਖਬਾਰ ਸਾਖਰਤਾ ਸੰਦੇਸ਼ ਨਿਕਲਦਾ ਹੈ। 1-15 ਨਵੰਬਰ ਅੰਕ ਵਿਚ ਜ਼ਿਲਾ ਦਿਹਾਤੀ ਵਿਕਾਸ ਏਜੰਸੀ ਫਰੀਦਕੋਟ ਵਲੋਂ ਪਿੰਡ ਵਾਰ ਸਾਲਾਨਾ ਪ੍ਰਵਾਨ ਕੀਤੀਆਂ ਗਰਾਂਟਾਂ ਦੀ ਤਫਸੀਲ ਨਿਕਲੀ ਹੈ। ਇਸ ਵਿਚ 384 ਪਿੰਡਾਂ ਦਾ ਵੇਰਵੇ ਸਹਿਤ ਨਾਂ, ਕੁੱਲ ਮਨਜ਼ੂਰ ਰਾਸ਼ੀ ਤੇ ਜਾਰੀ ਕੀਤੀ ਰਾਸ਼ੀ ਦਾ ਵੇਰਵਾ ਦਿੱਤਾ ਗਿਆ ਹੈ। ਨਾਲ ਹੀ ਇਹ ਲਿਖਿਆ ਗਿਆ ਹੈ ਕਿ ਪਿੰਡਾਂ ਦਾ ਸਰਵਪੱਖੀ ਵਿਕਾਸ ਜਿਵੇਂ ਨਾਲੀਆਂ ਬਣਾਉਣਾ, ਫਿਰਨੀਆਂ ਪੱਕੀਆਂ ਕਰਨੀਆਂ, ਗਲੀਆਂ ਪੱਕੀਆਂ ਕਰਨ ਤੇ ਹੋਰ ਪਿੰਡਾਂ ਦੀ ਲੋੜ ਅਨੁਸਾਰ ਜੋ ਰਾਸ਼ੀ ਦਿੱਤੀ ਗਈ ਹੈ, ਪਿੰਡਾਂ ਦੇ ਨੁਮਾਇੰਦਿਆਂ ਤੇ ਆਮ ਲੋਕਾਂ ਨੇ ਇਹ ਦੇਖਣਾ ਹੈ ਕਿ ਇਹ ਰਾਸ਼ੀ ਸਹੀ ਤਰੀਕੇ ਨਾਲ ਵਰਤੀ ਜਾਏ। ਇਸ ਵਿਸ਼ੇ 'ਤੇ ਲਿਖਿਆ ਨਾਟਕ 'ਪੰਚਾਇਤ' ਹੁਣ ਇਕ ਚਰਚਿਤ ਨਾਟਕ ਹੈ। ਨਾਟਕ ਵਿਚ ਇਹ ਗੱਲ ਉਭਰ ਕੇ ਸਾਹਮਣੇ ਆਂਦੀ ਹੈ ਕਿ ਇਸ ਨਾਬਰਾਬਰੀ ਵਾਲੇ ਸਮਾਜ ਵਿਚ ਲੋਕਾਂ ਦਾ ਭਲਾ ਸਮੁੱਚਾ ਆਰਥਕ ਢਾਂਚਾ ਬਦਲ ਕੇ ਹੀ ਹੋਵੇਗਾ ਪਰ ਇਸ ਕੰਮ ਲਈ ਮੁੱਢਲੀ ਚੇਤਨਾ ਅਤੇ ਲੋਕ ਜਥੇਬੰਦੀ ਲਈ ਪੰਚਾਇਤ ਦੇ ਕੰਮਾਂ ਵਿਚ ਦਖਲਅੰਦਾਜ਼ੀ, ਨਿਗਰਾਨੀ ਅਤੇ ਪਹਿਰੇਦਾਰੀ ਦਾ ਕੰਮ ਜ਼ਰੂਰੀ ਹੈ। ਇਸ ਨਾਟਕ ਦਾ ਮੰਚਣ, ਚੇਤਨਾ ਦੇ ਅਮਲ ਵਿਚ ਬਹੁਤ ਸਹਾਈ ਹੈ ਅਤੇ ਚੇਤਨਾ ਦੇ ਵਿਕਾਸ ਵਿਚ ਨਾਟਕ ਦੀ ਭੂਮਿਕਾ ਨੂੰ ਸਥਾਪਤ ਕਰਦਾ ਹੈ।

**ਨਾਟਕ ਸੰਤਾਪ :** ਵਿਦੇਸ਼ਾਂ ਵਿਚ ਆਪਣੀ ਨਾਟਕ ਫੇਰੀ ਦੇ ਦੌਰਾਨ ਜਿਸ ਨਾਟਕ ਨੇ ਬੜੀ ਪ੍ਰਸਿੱਧਤਾ ਲਈ ਉਹ ਨਾਟਕ ਸੰਤਾਪ ਸੀ, ਜਿਸ ਨੂੰ ਸਾਡੇ ਕਲਾਕਾਰਾਂ ਸਾਹਿਬ ਸਿੰਘ, ਰਜਿੰਦਰ ਰੋਜ਼ੀ, ਹਰਦੀਪ ਗਿੱਲ, ਅਨੀਤਾ ਭਾਰਦਵਾਜ ਅਤੇ ਪਵਨਦੀਪ ਨੇ ਪੇਸ਼ ਕੀਤਾ। ਨਾਟਕ ਕੈਨੇਡਾ ਵਿਚ ਵੱਸਦੇ ਇਕ ਪੰਜਾਬੀ ਟੱਬਰ ਦੀ ਕਹਾਣੀ ਹੈ। ਘਰ ਦੀ ਨੂੰਹ ਕੈਨੇਡਾ ਵਿਚ ਜਾ ਵਸੇ ਪੰਜਾਬੀ ਮੂਲ ਦੇ ਮਾਪਿਆਂ ਦੀ ਧੀ ਹੈ। ਉਥੇ ਹੀ ਜੰਮੀ ਪਲੀ ਹੈ। ਉਥੇ ਹੀ ਉਹਦੀ ਪੜ੍ਹਾਈ ਹੋਈ ਹੈ। ਹਰਨੇਕ ਪੰਜਾਬ ਤੋਂ ਗਿਆ ਨੌਜਵਾਨ ਹੈ। ਉਹਦੀਆਂ ਜ਼ਿੰਦਗੀ ਦੀਆਂ ਆਪਣੀਆਂ ਕਦਰਾਂ-ਕੀਮਤਾਂ ਹਨ। ਉਹ ਦੋਨੋਂ ਇਕ ਦੂਜੇ ਦੀਆਂ ਸਾਂਝਾਂ ਅਤੇ ਵੱਖਰੇਵਿਆਂ ਨੂੰ ਸਮਝਦੇ ਹੋਏ ਆਪਣੀ ਜ਼ਿੰਦਗੀ ਨੂੰ ਚੰਗਾ ਚਲਾ ਰਹੇ ਹਨ। ਘਰ ਵਿਚ ਸੰਤਾਪ ਉਸ ਵੇਲੇ ਸ਼ੁਰੂ ਹੁੰਦਾ ਹੈ, ਜਦੋਂ ਹਰਨੇਕ ਦੇ ਮਾਪੇ ਭਾਰਤ ਤੋਂ ਆਉਂਦੇ ਹਨ। ਜ਼ਰੂਰੀ ਹੈ ਕਿ ਤੰਗ ਘਰ ਹੋਣ ਕਰ ਕੇ ਨੂੰਹ ਦੀ ਆਜ਼ਾਦੀ ਵਿਚ ਵਿਘਨ ਪੈਂਦਾ ਹੈ। ਉਹ ਕਈ ਵਾਰੀ ਖਿਝ ਜਾਂਦੀ ਹੈ। ਉਹਦੀ ਖਿਝ ਨੂੰ ਸਹੀ ਅਰਥਾਂ ਵਿਚ ਸਮਝਣ ਦੀ ਥਾਂ ਹਰਨੇਕ ਉਲਟਾ ਇਹ ਪ੍ਰਭਾਵ ਲੈਂਦਾ ਹੈ ਕਿ ਉਹਦੇ ਮਾਪਿਆਂ ਦੇ ਆਉਣ ਨਾਲ ਨੂੰਹ ਨੂੰ ਚਿੜ ਹੈ।

ਹਰਨੇਕ ਦੇ ਮਾਂ-ਬਾਪ ਵੀ ਕਈ ਵਾਰ ਇਹ ਪ੍ਰਭਾਵ ਲੈਂਦੇ ਹਨ ਕਿ ਉਨ੍ਹਾਂ ਦੇ ਆਉਣ ਕਰ ਕੇ ਖਾਹ-ਮਖਾਹ ਇਹ ਕਲੇਸ਼ ਪਿਆ ਹੈ। ਸਾਰੇ ਪਾਤਰ ਆਪਣੀ ਆਪਣੀ ਥਾਂ ਸਹੀ ਹੋਣ 'ਤੇ ਵੀ ਸੰਤਾਪ ਭੋਗ ਰਹੇ ਹਨ ਕਿਉਂਕਿ ਉਹ ਇਕ ਨਿਰਪੱਖ ਰਵੱਈਆ ਅਪਣਾ ਕੇ ਸਾਰੀ ਗੱਲ ਸੋਚਦੇ ਨਹੀਂ ਤੇ ਨਾ ਹੀ ਕੋਈ ਫੈਸਲਾ ਲੈ ਸਕਦੇ ਹਨ। ਉਹ ਇਸ ਸੰਤਾਪ ਤੋਂ ਉਦੋਂ ਮੁਕਤ ਹੁੰਦੇ ਹਨ ਜਦੋਂ ਜੁਰਅਤ ਨਾਲ ਇਹ ਫੈਸਲਾ ਲੈਂਦੇ ਹਨ ਕਿ ਬਜ਼ੁਰਗਾਂ ਨੂੰ ਜੋ ਖੁਸ਼ੀ ਆਪਣੇ ਪਿੰਡ ਵਾਲੇ ਘਰ ਮਿਲ ਸਕਦੀ ਹੈ, ਉਹ ਆਪਣੇ ਪੁੱਤਰ ਦੇ ਘਰ ਕੈਨੇਡਾ ਵਿਚ ਨਹੀਂ ਮਿਲ ਸਕਦੀ। ਨਾਟਕ ਵਿਚ ਇਹ ਗੱਲ ਉਭਰ ਕੇ ਆਂਦੀ ਹੈ ਕਿ ਜ਼ਿੰਦਗੀ ਦੇ ਬਹੁਤ ਸਾਰੇ ਸੰਕਟ ਅਸੀਂ ਇਸ ਲਈ ਪੈਦਾ ਕਰ ਲੈਂਦੇ ਹਾਂ ਕਿ ਅਸੀਂ ਸਮੇਂ ਸਿਰ ਫੈਸਲਾ ਨਹੀਂ ਲੈਂਦੇ। ਇਹ ਸੱਚਾਈ ਰਾਜਸੀ ਫੈਸਲਿਆਂ ਉਤੇ ਵੀ ਲਾਗੂ ਹੁੰਦੀ ਹੈ। ਸਤਲੁਜ-ਯਮਨਾ ਨਹਿਰ ਇਹਦੀ ਇਕ ਮਿਸਾਲ ਹੈ। ਪੰਜਾਬ ਅਤੇ ਹਰਿਆਣਾ ਦਰਮਿਆਨ ਖਾਹਮਖਾਹ ਇਕ ਸੰਕਟ ਹੈ। ਦੋਨੋਂ ਧਿਰਾਂ ਆਪਣੀ ਆਪਣੀ ਥਾਂ ਠੀਕ ਹਨ ਪਰ ਜੁਰਅਤ ਨਾਲ ਫੈਸਲਾ ਲੈਣ ਦੀ ਘਾਟ ਹੈ। ਨਾਟਕ ਵਿਚ ਇਕ ਪਾਤਰ ਚਾਚਾ ਸੋਹਨ ਸਿੰਘ ਨਾਟਕ ਦੇ ਵਿਸ਼ੇ ਨੂੰ ਸੁਖਾਂਤਕ ਹਾਸਾ ਤੇ ਗਤੀ ਦੇਂਦਾ ਹੈ। ਇਹ ਨਾਟਕ, ਦਿੱਲੀ ਵਿਚ ਪੰਜਾਬੀ ਅਕੈਡਮੀ ਵਲੋਂ ਕਰਵਾਏ ਗਏ ਨਾਟਕ ਮੇਲੇ 'ਤੇ ਵੀ ਸਫਲਤਾ ਨਾਲ ਖੇਡਿਆ ਗਿਆ ਹੈ।

**ਕਾਵਿਕ ਬੋਲ :** ਸਾਡਾ ਲੋਕ ਰਾਜ ਗਰੀਬਾਂ ਮਾਸੂਮਾਂ ਲਈ ਨਿਆਂ ਵਾਲਾ ਰਾਜ ਨਹੀਂ। ਇਕਬਾਲਦੀਪ ਦਾ ਕਾਵਿਕ ਟੋਟਾ 'ਲੋਕ ਰਾਜ' ਸਾਹਿਤ ਖੇਤਰ ਵਿਚ ਇਸ ਦਾ ਪ੍ਰਗਟਾਵਾ ਹੈ,

ਚਿੜੀਆ ਘਰ ਵਿਚ
ਕਿੰਨੀ ਕੁ ਥਾਂ
ਚਿੜੀਆਂ ਦੀ।

3-12-1995